ਮੇਰੇ ਕੋਲ
ਇਹ
ਅਧਿਕਾਰ
ਹੋਣਾ
ਚਾਹੀਦਾ ਹੈ...



















ਤੁਹਾਡੇ ਕੋਲ
ਇਹ
ਅਧਿਕਾਰ
ਹੈ।

# ਸਰੋਤ ਸੂਚੀ

**ਨਿਊ ਯਾਰਕ ਸ਼ਹਿਰ ਦਾ ਮਨੁੱਖੀ ਅਧਿਕਾਰਾਂ ਦਾ ਕਾਨੂੰਨ** ਦੇਸ਼ ਵਿੱਚਲੇ ਸਭ ਤੋਂ ਵਿਆਪਕ ਨਾਗਰਿਕ ਅਧਿਕਾਰ ਕਾਨੂੰਨਾਂ ਵਿੱਚੋਂ ਇੱਕ ਹੈ। ਕਾਨੂੰਨ ਜਾਤ, ਰੰਗ, ਧਰਮ/ਦੀਨ, ਉਮਰ, ਰਾਸ਼ਟਰੀ ਮੂਲ, ਵਿਦੇਸ਼ੀ ਜਾਂ ਨਾਗਰਿਤਾ ਸਥਿਤੀ (ਇਮੀਗ੍ਰੇਸ਼ਨ ਸਥਿਤੀ ਸਮੇਤ), ਲਿੰਗ, ਲਿੰਗ ਪਛਾਣ, ਜਿਨਸੀ ਰੁਪਾਂਤਰ, ਅਯੋਗਤਾ, ਗਰਭਾਵਸਥਾ, ਸ਼ਾਦੀ-ਸ਼ੁਦਾ ਸਥਿਤੀ, ਅਤੇ ਭਾਈਵਾਲੀ ਸਥਿਤੀ ਦੇ ਆਧਾਰ ਉੱਤੇ ਰੋਜ਼ਗਾਰ, ਰਿਹਾਇਸ਼, ਅਤੇ ਸਾਰਵਜਨਿਕ ਥਾਂਵਾਂ ਵਿੱਚ ਪੱਖਪਾਤ ਨੂੰ ਰੋਕਦਾ ਹੈ। ਕਾਨੂੰਨ ਗਿਰਫ਼ਤਾਰੀ/ਸਜ਼ਾ ਦੇ ਇਤਿਹਾਸ, ਉਧਾਰ ਇਤਿਹਾਸ, ਦੇਖਭਾਲ-ਕਰਤਾ ਸਥਿਤੀ, ਬੇਰੋਜ਼ਗਾਰੀ ਸਥਿਤੀ, ਅਤੇ ਘਰੇਲੂ ਹਿੰਸਾ, ਜਿਨਸੀ ਹਿੰਸਾ ਅਤੇ ਸਟਾਕਿੰਗ ਦੇ ਸ਼ਿਕਾਰ ਹੋਣ ਵਜੋਂ ਸਥਿਤੀ ਦੇ ਆਧਾਰ ਉੱਤੇ ਰੋਜ਼ਗਾਰ ਵਿੱਚ ਪੱਖਪਾਤ; ਅਤੇ ਬੱਚਿਆਂ ਦੀ ਮੌਜੂਦਗੀ, ਘਰੇਲੂ ਹਿੰਸਾ, ਜਿਨਸੀ ਹਿੰਸਾ, ਅਤੇ ਸਟਾਕਿੰਗ ਦੇ ਸ਼ਿਕਾਰ ਹੋਣ ਵਜੋਂ ਸਥਿਤੀ, ਅਤੇ ਘਰੇਲੂ ਆਰਥਿਕ ਸਹਾਇਤਾ ਜਾਂ ਵਾਊਚਰਾਂ ਦੀ ਵਰਤੋਂ ਦੇ ਆਧਾਰ ਉੱਤੇ ਰਿਹਾਇਸ਼ੀ ਪੱਖਪਾਤ ਨੂੰ ਵੀ ਰੋਕਦਾ ਹੈ। ਇਹ ਕਾਨੂੰਨ, ਕਾਨੂੰਨ ਨੂੰ ਲਾਗੂ ਕਰਕੇ ਪੱਖਪਾਤੀ ਮਾਨਸਿਕ-ਪਰੇਸ਼ਾਨੀ ਅਤੇ ਭੇਦਭਾਵ ਦੇ ਆਧਾਰ ਉੱਤੇ ਕਿਸੇ ਵਿਅਕਤੀ ਦੇ ਵਿਵਹਾਰ ਦਾ ਮੁਲਾਂਕਣ ਕਰਨ ਨੂੰ ਵੀ ਰੋਕਦਾ ਹੈ।

**ਮਨੁੱਖੀ ਅਧਿਕਾਰਾਂ ਉੱਤੇ ਨਿਊ ਯਾਰਕ ਸ਼ਹਿਰ ਦੇ ਕਮੀਸ਼ਨ (New York City Commission on Human Rights)** ਨੂੰ ਮਨੁੱਖੀ ਅਧਿਕਾਰਾਂ ਦੇ ਕਾਨੂੰਨ ਨੂੰ ਲਾਗੂ ਕਰਨ ਅਤੇ ਜਨਤਾ ਨੂੰ ਕਾਨੂੰਨ ਉੱਤੇ ਸਿੱਖਿਆ ਦੇਣ ਦਾ ਕੰਮ ਸੌਂਪਿਆ ਗਿਆ ਹੈ।

## **ਕਮੀਸ਼ਨ** ਨਿਊ ਯਾਰਕ ਸ਼ਹਿਰ ਘੁੰਮਣ ਆਉਣ ਵਾਲੇ ਵਿਅਕਤੀਆਂ ਅਤੇ ਨਿਵਾਸੀਆਂ ਨੂੰ ਕਈ ਸੇਵਾਵਾਂ ਪ੍ਰਦਾਨ ਕਰਦਾ ਹੈ:

- **ਪੱਖਪਾਤ ਦੀ ਸੂਚਨਾ ਦੇਣਾ ਅਤੇ/ਜਾਂ ਕਿਸੇ ਪੱਖਪਾਤ ਸ਼ਿਕਾਇਤ ਨੂੰ ਦਾਇਰ ਕਰਨਾ।** ਜੇ ਤੁਸੀਂ ਨਿਊ ਯਾਰਕ ਸ਼ਹਿਰ ਵਿੱਚ ਪੱਖਪਾਤ, ਮਾਨਸਿਕ-ਪਰੇਸ਼ਾਨੀ, ਜਾਂ ਧਮਕੀ ਮਹਿਸੂਸ ਕੀਤੀ ਹੈ ਜਾਂ ਦੇਖੀ ਹੈ, ਤਾਂ ਤੁਸੀਂ 311 'ਤੇ ਕਾਲ ਕਰਕੇ ਅਤੇ ਮਨੁੱਖੀ ਅਧਿਕਾਰਾਂ ਉੱਤੇ NYC ਕਮੀਸ਼ਨ (NYC Commission on Human Rights) ਬਾਰੇ ਪੁੱਛ ਕੇ, ਕਮੀਸ਼ਨ ਦੀ ਇਨਫੋਲਾਈਨ ਨੂੰ (718) 722-3131 'ਤੇ ਕਾਲ ਕਰਕੇ, ਜਾਂ NYC.gov/HumanRights 'ਤੇ ਜਾ ਕੇ ਅਤੇ ਸਾਡੇ ਪੱਖਪਾਤ ਦੀ ਸੂਚਨਾ ਦੇਣ ਦੇ ਫਾਰਮ (Report Discrimination form) ਦੀ ਵਰਤੋਂ ਕਰਕੇ ਇਸਦੀ ਰਿਪੋਰਟ ਦੇ ਸਕਦੇ ਹੋ। **ਕਮੀਸ਼ਨ ਦੇ ਕੋਲ ਪੱਖਪਾਤ ਦੀ ਸੂਚਨਾ ਕਿਉਂ ਦੇਈਏ?** ਨਿਆਂ ਅਤੇ ਇੱਜ਼ਤ ਪ੍ਰਾਪਤ ਕਰਨ ਦੇ ਅਲਾਵਾ ਜਿਸ ਲਈ ਤੁਸੀਂ ਹੱਕਦਾਰ ਹੋ, ਕਾਨੂੰਨ ਦੀ ਉਲੰਘਣਾ ਕਰਨ ਦੇ ਸੰਭਾਵੀ ਨਤੀਜਿਆਂ ਵਿੱਚ ਵਿੱਤੀ ਮੁਆਵਜ਼ਾ, ਪੈਨਲਟੀਆਂ, ਅਤੇ ਦੋਸ਼ੀਆਂ ਲਈ NYC ਮਨੁੱਖੀ ਅਧਿਕਾਰਾਂ ਦੇ ਕਾਨੂੰਨ ਉੱਤੇ ਲਾਜ਼ਮੀ ਸਿੱਖਲਾਈ ਸ਼ਾਮਲ ਹੋ ਸਕਦੀ ਹੈ।
- **ਇੱਕ ਮੁਫਤ ਵਰਕਸ਼ਾਪ ਪ੍ਰਾਪਤ ਕਰਨਾ।** ਕਾਰੋਬਾਰੀ ਮਾਲਕ, ਰਿਹਾਇਸ਼ ਅਤੇ ਸਾਰਵਜਨਿਕ ਆਵਾਸ ਪ੍ਰਦਾਨ ਕਰਨ ਵਾਲੇ ਅਤੇ ਵਿਅਕਤੀ ਕਾਨੂੰਨ ਦੇ ਤਹਿਤ ਆਪਣੀਆਂ ਬੰਦਸ਼ਾਂ ਅਤੇ ਜ਼ਿੰਮੇਵਾਰੀਆਂ ਬਾਰੇ ਜਾਣਨ ਲਈ ਅਗ੍ਰੇਜ਼ੀ ਅਤੇ ਸਪੇਨੀ ਵਿੱਚ ਕਈ ਕਿਸਮ ਦੀਆਂ ਮੁਫ਼ਤ ਵਰਕਸ਼ਾਪਸ ਲਈ ਸਾਈਨ ਅਪ ਕਰ ਸਕਦੇ ਹਨ।ਵਰਕਸ਼ਾਪਸ trainings@cchr.nyc.gov ਨਾਲ ਸੰਪਰਕ ਕਰਕੇ, ਜਾਇਜ਼ ਮੌਕੇ ਦਾ ਕਾਨੂੰਨ (Fair Chance Act), ਆਵਾਸ ਨਿਰਪੱਖਤਾ, ਰੋਜ਼ਗਾਰ ਵਿੱਚ ਉਧਾਰ ਪੱਖਪਾਤ ਨੂੰ ਬੰਦ ਕਰਨ ਸਬੰਧੀ ਕਾਨੂੰਨ (Stop Credit Discrimination in Employment Act), ਮਨੁੱਖੀ ਅਧਿਕਾਰ 101 (Human Rights 101), ਅਤੇ ਦੁਲਿੰਗੀ 101 (Transgender 101) ਜਿਹੇ ਵਿਸ਼ਿਆਂ ਨੂੰ ਸ਼ਾਮਲ ਕਰਦੀਆਂ ਹਨ। ਕਮੀਸ਼ਨ ਦੀਆਂ ਘਟਨਾਵਾਂ ਦੀ ਪੂਰੀ ਸਮਾਂ-ਸੂਚੀ NYC.gov/HumanRights ਉੱਤੇ ਮਿਲ ਸਕਦੀ ਹੈ।
- **ਇੱਕ U ਜਾਂ T ਵੀਜ਼ਾ ਪ੍ਰਮਾਣੀਕਰਣ ਬੇਨਤੀ ਦਰਜ ਕਰਨਾ।** ਵਿਅਕਤੀ ਮਨੁੱਖੀ ਅਧਿਕਾਰਾਂ ਉੱਤੇ NYC ਕਮੀਸ਼ਨ (NYC Commission on Human Rights) ਦੁਆਰਾ ਇੱਕ U ਜਾਂ T ਵੀਜ਼ਾ ਪ੍ਰਮਾਣੀਕਰਣ ਲਈ ਬੇਨਤੀ ਕਰ ਸਕਦੇ ਹਨ। ਕਮੀਸ਼ਨ ਅਜਿਹੇ ਵਿਅਕਤੀਆਂ ਤੋਂ U ਅਤੇ T ਵੀਜ਼ਾ ਲਈ ਪ੍ਰਮਾਣੀਕਰਣ ਬੇਨਤੀਆਂ ਉੱਤੇ ਵਿਚਾਰ ਕਰੇਗੀ, ਜਿਹਨਾਂ ਨੇ ਕਮੀਸ਼ਨ ਦੇ ਕੋਲ ਪੱਖਪਾਤ ਦੀ ਸ਼ਿਕਾਇਤ ਦਾਇਰ ਕੀਤੀ ਹੈ ਅਤੇ/ਜਾਂ ਮਾਮਲੇ ਦੀ ਜਾਂਚ ਅਤੇ/ਜਾਂ ਮੁਕੱਦਮੇ ਦੇ ਨਾਲ ਮਦਦ ਕੀਤੀ ਹੈ। ਜੇ ਤੁਸੀਂ ਕਮੀਸ਼ਨ ਦੇ ਕੋਲ ਕੋਈ ਸ਼ਿਕਾਇਤ ਦਾਇਰ ਕਰਨਾ ਚਾਹੁੰਦੇ ਹੋ, ਤਾਂ 311 ਨਾਲ ਸੰਪਰਕ ਕਰੋ ਅਤੇ ਮਨੁੱਖੀ ਅਧਿਕਾਰਾਂ ਉੱਤੇ NYC ਕਮੀਸ਼ਨ (NYC Commission on Human Rights) ਬਾਰੇ ਪੁੱਛੋ ਜਾਂ ਕਮੀਸ਼ਨ ਦੀ ਇਨਫੋਲਾਈਨ ਨੂੰ (718) 722-3131 'ਤੇ ਕਾਲ ਕਰੋ। ਜੇ ਤੁਸੀਂ ਪਹਿਲਾਂ ਹੀ ਕਮੀਸ਼ਨ ਦੇ ਕੋਲ ਆਪਣਾ ਕੇਸ ਦਾਇਰ ਕੀਤਾ ਹੈ ਜਾਂ ਤੁਹਾਡਾ ਕੇਸ ਬੰਦ ਹੋ ਗਿਆ ਹੈ, ਤਾਂ ਵਧੇਰੀ ਜਾਣਕਾਰੀ ਲਈ (212) 416-0136 ਜਾਂ policy@cchr.nyc.gov 'ਤੇ ਕਮੀਸ਼ਨ ਦੇ ਪਾਲਿਸੀ ਦਫਤਰ ਨਾਲ ਸੰਪਰਕ ਕਰੋ।
- **ਕਮੀਸ਼ਨ ਦੇ ਇੱਕ ਨੁਮਾਇੰਦੇ ਨੂੰ ਆਪਣੇ ਘਟਨਾ 'ਤੇ ਬੋਲਣ ਦੀ ਬੇਨਤੀ ਕਰਨਾ।** ਸੰਗਠਨ ਅਤੇ ਗੈਰ-ਮੁਨਾਫੇ ਬੇਨਤੀ ਕਰ ਸਕਦੇ ਹਨ ਕਿ ਮਨੁੱਖੀ ਅਧਿਕਾਰਾਂ ਉੱਤੇ NYC ਕਮੀਸ਼ਨ (NYC Commission on Human Rights) ਦੇ ਕਰਮਚਾਰੀ ਘਟਨਾਵਾਂ ਵਿਖੇ ਗੱਲ ਕਰਨ ਜਾਂ ਪੈਨਲਾਂ ਜਾਂ ਰਾਊਂਡਟੇਬਲ ਚਰਚਾਵਾਂ ਵਿੱਚ ਭਾਗੀਦਾਰੀ ਕਰਨ। ਕਿਰਪਾ ਕਰਕੇ ਇੱਕ ਸਪੀਕਰ ਲਈ ਬੇਨਤੀ ਕਰਨ ਵਾਸਤੇ policy@cchr.nyc.gov ਨਾਲ ਸੰਪਰਕ ਕਰੋ।
- **NYC ਮਨੁੱਖੀ ਅਧਿਕਾਰਾਂ ਦੇ ਕਾਨੂੰਨ ਦਾ ਸਾਹਿਤ ਪ੍ਰਾਪਤ ਕਰਨਾ।** NYC.gov/HumanRights 'ਤੇ ਜਾ ਕੇ ਜਾਂ communications@cchr.nyc.gov 'ਤੇ ਸੰਚਾਰ ਅਤੇ ਮਾਰਕਿਟਿੰਗ ਦੇ ਦਫਤਰ (Office of Communications and Marketing) ਨਾਲ ਸੰਪਰਕ ਕਰਕੇ NYC ਮਨੁੱਖੀ ਅਧਿਕਾਰਾਂ ਦੇ ਕਾਨੂੰਨ (NYC Humans Rights Law) ਉੱਤੇ ਬਹੁ-ਭਾਸ਼ੀ ਬ੍ਰੋਸ਼ਰਾਂ, ਪੈਮਫਲੇਟਾਂ, ਫੈਕਟ ਸ਼ੀਟਾਂ, ਜਾਣਕਾਰੀ ਕਾਰਡਾਂ, ਅਤੇ ਹੋਰ ਸਿੱਖਿਅਕ ਸਮੱਗਰੀਆਂ ਨੂੰ ਡਾਉਨਲੋਡ ਕਰੋ ਜਾਂ ਇਹਨਾਂ ਲਈ ਬੇਨਤੀ ਕਰੋ।

@NYCCHR
NYC.gov/HumanRights

NYC ਮਨੁੱਖੀ ਅਧਿਕਾਰਾਂ ਉੱਤੇ ਕਮੀਸ਼ਨ